
GOVERNMENT OF WESTERN AUSTRALIA

Department of **Local Government, Industry Regulation and Safety**

Building and Energy Western Australia

Punjabi | ਪੰਜਾਬੀ




# RCD ਸੇਫ਼ਟੀ ਸਵਿੱਚਾਂ ਬਾਰੇ ਸੌਖੀ ਗਾਈਡ




# ਲਾਭਦਾਇਕ ਸੁਝਾਅ

ਤੁਹਾਡੇ ਰੈਜ਼ੀਡਿਊਲ ਕਰੰਟ ਡਿਵਾਈਸ (RCD) ਦੀ ਜਾਂਚ ਕਰਨਾ, ਜਿਸ ਨੂੰ ਸੇਫ਼ਟੀ ਸਵਿੱਚ ਵੀ ਕਿਹਾ ਜਾਂਦਾ ਹੈ, ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਬਿਜਲੀ ਦੇ ਝਟਕੇ ਤੋਂ ਬਚਾਉਣ ਵਿੱਚ ਮਦਦ ਕਰਦਾ ਹੈ।

ਜੇਕਰ ਤੁਸੀਂ ਇਹ ਕੰਮ ਕਰਨ ਵਿੱਚ ਆਤਮ-ਵਿਸ਼ਵਾਸ ਮਹਿਸੂਸ ਕਰਦੇ ਹੋ, ਅਤੇ ਤੁਹਾਡਾ ਮੀਟਰ ਬਾਕਸ ਚੰਗੀ ਹਾਲਤ ਵਿੱਚ ਹੈ:

1. ਮੀਟਰ ਬਾਕਸ ਨੂੰ ਖੋਲ੍ਹੋ।
2. ਹਰ RCD ਉੱਤੇ ਲੱਗੇ ਟੈਸਟ ਬਟਨ ਨੂੰ ਦਬਾਓ। ਇਸ ਉੱਤੇ **T** ਲਿਖਿਆ ਹੁੰਦਾ ਹੈ।
3. ਸਵਿੱਚ ਨੂੰ ਤੁਰੰਤ **ਬੰਦ** ਹੋ ਜਾਣਾ ਚਾਹੀਦਾ ਹੈ।
4. ਸਵਿੱਚ ਨੂੰ ਦੁਬਾਰਾ **ਚਾਲੂ** ਕਰੋ।

ਇਸ ਨਾਲ ਸੇਫ਼ਟੀ ਸਵਿੱਚ ਰੀਸੈੱਟ ਹੋ ਜਾਂਦੀ ਹੈ।

ਜੇਕਰ ਸਵਿੱਚ ਬੰਦ ਨਾ ਹੋਵੇ, ਜਾਂ ਦੁਬਾਰਾ ਚਾਲੂ ਨਾ ਹੋਵੇ, ਤਾਂ ਕਿਸੇ ਲਾਇਸੰਸਸ਼ੁਦਾ ਇਲੈਕਟ੍ਰੀਕਲ ਕੰਟ੍ਰੈਕਟਰ ਨੂੰ ਫ਼ੋਨ ਕਰੋ।

ਹਰ 3 ਮਹੀਨਿਆਂ ਬਾਅਦ ਆਪਣੀ ਸੇਫ਼ਟੀ ਸਵਿੱਚ ਦੀ ਜਾਂਚ ਕਰੋ, ਜਾਂ ਜੇਕਰ ਹਿਦਾਇਤਾਂ ਵਿੱਚ ਕਿਹਾ ਗਿਆ ਹੋਵੇ ਤਾਂ ਇਸ ਤੋਂ ਵੀ ਵੱਧ ਵਾਰ ਕਰੋ।

# RCD ਕਿਉਂ ਮਹੱਤਵਪੂਰਨ ਹਨ?

ਰੈਜ਼ੀਡਿਊਲ ਕਰੰਟ ਡਿਵਾਈਸ (RCD) ਹੇਠ ਲਿਖੀਆਂ ਚੀਜ਼ਾਂ ਤੋਂ ਬਚਾਅ ਕਰਨ ਵਿੱਚ ਮਦਦ ਕਰਦੇ ਹਨ:

- ਬਿਜਲੀ ਦਾ ਝਟਕਾ।
- ਗੰਭੀਰ ਸੱਟ।
- ਬਿਜਲੀ ਨਾਲ ਲੱਗਣ ਵਾਲੀਆਂ ਅੱਗਾਂ।

ਤੁਹਾਡੇ ਸਵਿੱਚਬੋਰਡ ਵਿੱਚ ਲੱਗੇ ਸਰਕਟ ਬ੍ਰੇਕਰ ਅਤੇ ਫਿਊਜ਼, ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਬਿਜਲੀ ਦੇ ਝਟਕੇ ਤੋਂ ਨਹੀਂ ਬਚਾਉਂਦੇ ਹਨ। ਪਰ ਇੱਕ RCD ਬਚਾਉਂਦਾ ਹੈ।

ਤੁਹਾਡੇ ਘਰ ਜਾਂ ਕਾਰੋਬਾਰ ਨੂੰ ਵਧੇਰੇ ਸੁਰੱਖਿਅਤ ਬਣਾਉਣ ਲਈ, ਘੱਟੋ-ਘੱਟ ਦੋ RCD ਸੁਰੱਖਿਆ ਸਵਿੱਚਾਂ ਲੱਗੀਆਂ ਹੋਣੀਆਂ ਲਾਜ਼ਮੀ ਹਨ।

ਇੱਕ ਲਾਇਸੈਂਸਸ਼ੁਦਾ ਇਲੈਕਟ੍ਰੀਕਲ ਕੰਟ੍ਰੈਕਟਰ ਤੁਹਾਡੇ ਲਈ RCDs ਲਗਾ ਸਕਦਾ ਹੈ।

ਜੇਕਰ ਤੁਹਾਡੇ RCD ਨਹੀਂ ਹੈ, ਤਾਂ ਤੁਸੀਂ ਸੁਰੱਖਿਅਤ ਨਹੀਂ ਹੋ।

**RCDs ਲਗਵਾਓ**



# ਟੈਸਟ (T) ਬਟਨ ਕਿੱਥੇ ਹੁੰਦਾ ਹੈ?


ਆਪਣੇ RCD ਉੱਤੇ **T** ਅੱਖਰ ਨੂੰ ਲੱਭੋ।

ਬਟਨ ਵੱਖ-ਵੱਖ ਆਕਾਰਾਂ ਜਾਂ ਰੰਗਾਂ ਦਾ ਹੋ ਸਕਦਾ ਹੈ, ਪਰ ਇਸ ਉੱਤੇ ਹਮੇਸ਼ਾ **T** ਲਿਖਿਆ ਹੋਵੇਗਾ।


ਜੇਕਰ ਤੁਹਾਨੂੰ **T** ਬਟਨ ਨਹੀਂ ਲੱਭਦਾ:

- ਆਪਣੇ RCD ਦੀ ਫ਼ੋਟੋ ਖਿੱਚੋ।
- ਇਸਨੂੰ EGPGeneralAdmin@lgirs.wa.gov.au 'ਤੇ ਈਮੇਲ ਕਰੋ, ਅਤੇ ਬਿਲਡਿੰਗ ਐਂਡ ਐਨਰਜੀ ਟੀਮ ਦਾ ਕੋਈ ਮੈਂਬਰ ਤੁਹਾਡੀ ਮਦਦ ਕਰੇਗਾ।

1




2




3




RCD ਸੁਰੱਖਿਆ ਸਵਿੱਚਾਂ ਵਿੱਚ T ਲੱਭੋ

T


4




5




6



# RCD ਸੇਫ਼ਟੀ ਸਵਿੱਚਾਂ ਲਈ ਨਿਯਮ




## ਜੇਕਰ ਤੁਸੀਂ ਆਪਣਾ ਘਰ ਵੇਚ ਰਹੇ ਹੋ

ਆਪਣਾ ਘਰ ਵੇਚਣ ਤੋਂ ਪਹਿਲਾਂ, ਸਾਰੇ ਪਾਵਰ ਅਤੇ ਲਾਈਟਿੰਗ ਸਰਕਟਾਂ ਲਈ RCDs ਲੱਗੀਆਂ ਹੋਣੀਆਂ ਲਾਜ਼ਮੀ ਹਨ।

ਜੇਕਰ ਦੋ ਜਾਂ ਇਸ ਤੋਂ ਵੱਧ RCDs ਨਹੀਂ ਲੱਗੀਆਂ ਹੋਈਆਂ ਹਨ, ਤਾਂ ਬਿਜਲੀ ਨਿਯਮਾਂ ਦੀ ਪਾਲਣਾ ਕਰਨ ਲਈ ਤੁਹਾਨੂੰ ਲਾਇਸੈਂਸਸ਼ੁਦਾ ਇਲੈਕਟ੍ਰੀਕਲ ਕੰਟ੍ਰੈਕਟਰ ਰਾਹੀਂ ਉਹ ਲਗਵਾਉਣੀਆਂ ਪੈਣਗੀਆਂ।




## ਜੇਕਰ ਤੁਸੀਂ ਕਿਰਾਏ ਦੇ ਘਰ ਵਿੱਚ ਰਹਿੰਦੇ ਹੋ, ਤਾਂ

ਬਿਜਲੀ ਨਿਯਮਾਂ ਦੇ ਅਨੁਸਾਰ, ਮਕਾਨ ਮਾਲਕਾਂ ਲਈ ਕਿਰਾਏ ਵਾਲੀਆਂ ਜਾਇਦਾਦਾਂ ਵਿੱਚ RCDs ਲਗਾਉਣਾ ਲਾਜ਼ਮੀ ਹੈ।

ਜੇਕਰ RCDs ਨਹੀਂ ਲੱਗੀਆਂ ਹੋਈਆਂ, ਤਾਂ ਕਿਰਾਏਦਾਰਾਂ ਨੂੰ ਮਕਾਨ ਮਾਲਕ ਜਾਂ ਏਜੰਟ ਨਾਲ ਸੰਪਰਕ ਕਰਕੇ ਉਹਨਾਂ ਨੂੰ ਨਿਯਮਾਂ ਅਨੁਸਾਰ ਲਗਵਾਉਣ ਦੀ ਬੇਨਤੀ ਕਰਨੀ ਚਾਹੀਦੀ ਹੈ।

ਕਿਰਾਏਦਾਰਾਂ ਨੂੰ ਇਹ ਵੀ ਕਰਨਾ ਚਾਹੀਦਾ ਹੈ:

- ਹਰ 3 ਮਹੀਨਿਆਂ ਬਾਅਦ RCDs ਦੀ ਜਾਂਚ ਕਰੋ।
- ਕਿਸੇ ਵੀ ਖ਼ਰਾਬੀ ਦੀ ਜਾਣਕਾਰੀ ਮਕਾਨ ਮਾਲਕ ਜਾਂ ਏਜੰਟ ਨੂੰ ਦਿਓ।

ਜੇਕਰ ਕੋਈ RCD ਕੰਮ ਨਹੀਂ ਕਰਦੀ, ਤਾਂ ਉਸ ਨੂੰ ਤੁਰੰਤ ਬਦਲਣਾ ਲਾਜ਼ਮੀ ਹੈ।



## ਤੁਹਾਨੂੰ ਕਿੰਨੀਆਂ RCDs ਦੀ ਲੋੜ ਹੈ?

ਬਿਜਲੀ ਨਿਯਮਾਂ ਦੇ ਅਨੁਸਾਰ ਘੱਟੋ-ਘੱਟ ਦੋ RCDs ਲਾਜ਼ਮੀ ਹਨ। ਕੁੱਝ ਜਾਇਦਾਦਾਂ ਨੂੰ ਇਸ ਤੋਂ ਵੱਧ RCDs ਦੀ ਲੋੜ ਹੋ ਸਕਦੀ ਹੈ।

ਲਾਇਸੈਂਸਸ਼ੁਦਾ ਇਲੈਕਟ੍ਰੀਕਲ ਕੰਟ੍ਰੈਕਟਰ ਤੁਹਾਡੀ ਜਾਇਦਾਦ ਲਈ ਸਹੀ ਗਿਣਤੀ ਵਿੱਚ RCDs ਲਗਾਏਗਾ, ਅਤੇ ਇਹ ਯਕੀਨੀ ਬਣਾਏਗਾ ਕਿ ਤੁਹਾਡੀ ਜਾਇਦਾਦ ਨਿਯਮਾਂ ਦੀ ਪਾਲਣਾ ਕਰਦੀ ਹੈ।

# ਕੀ ਮੈਨੂੰ ਲਾਇਸੈਂਸਸ਼ੁਦਾ ਇਲੈਕਟ੍ਰੀਕਲ ਕੰਟ੍ਰੈਕਟਰ ਦੀ ਲੋੜ ਹੈ?

**ਹਾਂ।** RCDs ਲਗਾਉਣ ਜਾਂ ਕਿਸੇ ਵੀ ਸਮੱਸਿਆ ਨੂੰ ਠੀਕ ਕਰਨ ਲਈ ਤੁਹਾਨੂੰ ਲਾਇਸੈਂਸਸ਼ੁਦਾ ਇਲੈਕਟ੍ਰੀਕਲ ਕੰਟ੍ਰੈਕਟਰ ਦੀ ਹੀ ਸੇਵਾ ਲੈਣੀ ਚਾਹੀਦੀ ਹੈ।

## ਬਿਜਲੀ ਨਾਲ ਸੰਬੰਧਿਤ ਕੰਮ ਕਦੇ ਖੁਦ ਨਾ ਕਰੋ


ਬਿਜਲੀ ਨਾਲ ਸੰਬੰਧਿਤ ਕੰਮ ਕਦੇ ਖੁਦ ਨਾ ਕਰੋ, ਅਤੇ ਨਾ ਹੀ ਕਿਸੇ ਬਿਨਾਂ ਲਾਇਸੈਂਸ ਵਾਲੇ ਵਿਅਕਤੀ ਤੋਂ ਕਰਵਾਓ।
ਇਹ ਖ਼ਤਰਨਾਕ ਹੈ।

ਤੁਹਾਨੂੰ ਕਰੰਟ ਲੱਗ ਸਕਦਾ ਹੈ, ਜਾਂ ਅੱਗ ਲੱਗ ਸਕਦੀ ਹੈ।

ਲਾਇਸੈਂਸਸ਼ੁਦਾ ਇਲੈਕਟ੍ਰੀਕਲ ਕੰਟ੍ਰੈਕਟਰ:

- ਸਿਖਲਾਈ ਪ੍ਰਾਪਤ ਹੁੰਦੇ ਹਨ,
- ਸੁਰੱਖਿਆ ਕਾਨੂੰਨਾਂ ਦੀ ਪਾਲਣਾ ਕਰਦੇ ਹਨ,
- ਆਪਣੇ ਕੰਮ ਦੀ ਗੁਣਵੱਤਾ ਦੀ ਗਾਰੰਟੀ ਦਿੰਦੇ ਹਨ।

**ਬਿਨਾਂ ਲਾਇਸੈਂਸ ਵਾਲੇ ਲੋਕਾਂ ਲਈ ਬਿਜਲੀ ਨਾਲ ਸੰਬੰਧਿਤ ਕੰਮ ਕਰਨਾ ਗ਼ੈਰ-ਕਾਨੂੰਨੀ ਹੈ।**



# ਲਾਇਸੈਂਸਸ਼ੁਦਾ ਇਲੈਕਟ੍ਰੀਕਲ ਕੰਟ੍ਰੈਕਟਰ ਕਿਵੇਂ ਲੱਭਣਾ ਹੈ?

ਤੁਸੀਂ ਇਲੈਕਟ੍ਰੀਕਲ ਕੰਟ੍ਰੈਕਟਰ ਦੇ ਲਾਇਸੈਂਸਾਂ ਦੀ ਔਨਲਾਈਨ ਜਾਂਚ ਕਰ ਸਕਦੇ ਹੋ।

- ਇਲੈਕਟ੍ਰੀਕਲ ਕੰਟ੍ਰੈਕਟਰ ਦਾ ਲਾਇਸੈਂਸ EC ਨਾਲ ਸ਼ੁਰੂ ਹੁੰਦਾ ਹੈ
- ਇਲੈਕਟ੍ਰੀਸ਼ੀਅਨ ਦਾ ਲਾਇਸੈਂਸ EW ਨਾਲ ਸ਼ੁਰੂ ਹੁੰਦਾ ਹੈ

ਇਲੈਕਟ੍ਰੀਕਲ ਕੰਟ੍ਰੈਕਟਰ ਲੱਭੋ


ਵੈਸਟਰਨ ਆਸਟ੍ਰੇਲੀਆ ਸਰਕਾਰ

**ਸਥਾਨਕ ਸਰਕਾਰਾਂ, ਉਦਯੋਗ ਨਿਯਮ ਅਤੇ ਸੁਰੱਖਿਆ ਵਿਭਾਗ**

**ਬਿਲਡਿੰਗ ਐਂਡ ਐਨਰਜੀ**

ਫ਼ੋਨ: **1300 489 099**

ਕਾਰੋਬਾਰੀ ਘੰਟੇ: **ਸਵੇਰੇ 8.30 ਵਜੇ - ਸ਼ਾਮ 4.30 ਵਜੇ**

**ਪਤਾ:**

ਲੈਵਲ 1 ਮੇਸਨ ਬਰਡ ਬਿਲਡਿੰਗ
303 ਸੇਵਨਓਕਸ ਸਟ੍ਰੀਟ (ਦਾਖ਼ਲਾ ਗ੍ਰੋਸ ਐਵੇਨਿਊ ਤੋਂ)
ਕੈਨਿੰਗਟਨ, ਵੈਸਟਰਨ ਆਸਟ੍ਰੇਲੀਆ 6107

ਵੈੱਬਸਾਈਟ: www.wa.gov.au/building-and-energy

ਈਮੇਲ: be.info@lgirs.wa.gov.au

ਡਾਕ ਪਤਾ**:** Locked Bag 100 East Perth WA 6892


**ਵਾਧੂ ਸਹਾਇਤਾ:**

ਨੈਸ਼ਨਲ ਰੀਲੇਅ ਸੇਵਾ: 13 36 77

ਅਨੁਵਾਦ ਅਤੇ ਦੁਭਾਸ਼ੀਆ ਸੇਵਾ (TIS) 13 14 50

ਇਹ ਪ੍ਰਕਾਸ਼ਨ ਬੇਨਤੀ ਕਰਨ 'ਤੇ ਹੋਰ ਰੂਪਾਂ ਵਿੱਚ ਵੀ ਉਪਲਬਧ ਹੈ।

LGIRS26_0202